# ਬੁੱਲ੍ਹੇ ਸ਼ਾਹ ਦਾ ਇਸ਼ਕ ਸੰਕਲਪ:-

ਪੰਜਾਬੀ ਸੂਫ਼ੀ ਕਾਵਿ ਵਿਚ 'ਇਸ਼ਕ' ਦੀ ਅਹਿਮ ਭੂਮਿਕਾ ਹੈ। ਪੰਜਾਬੀ ਸੂਫ਼ੀ ਕਾਵਿ ਵਿਚ 'ਇਸ਼ਕ' ਦੇ ਪ੍ਰਤੱਖ ਦਰਸ਼ਨ ਹੁੰਦੇ ਹਨ ਅਤੇ ਇਸ਼ਕ ਨੂੰ ਸੂਫ਼ੀ ਸਾਧਕ ਬਹੁਤ ਮਹੱਤਵ ਦਿੰਦੇ ਹਨ। ਇਸ਼ਕ ਨੂੰ ਰੂਹਾਨੀਅਤ ਦੀ ਰੂਹ ਮੰਨਿਆ ਜਾਂਦਾ ਹੈ। ਸੂਫ਼ੀਮਤ ਦਾ ਮੂਲ ਮਨੋਰਥ ਹੀ ਇਸ਼ਕ ਤਥਾ ਪ੍ਰੇਮ ਦੁਆਰਾ ਆਪਣੇ ਮਹਿਬੂਬ ਸੰਗ ਵਿਚ ਫਨਾ ਹੋ ਕੇ ਉਸਦੀ ਪ੍ਰਾਪਤੀ ਕਰਨਾ ਹੈ।

'ਇਸ਼ਕ' ਅਰਬੀ ਭਾਸ਼ਾ ਦੇ ਸ਼ਬਦ 'ਆਸ਼ਿਕ' ਵਿਚੋਂ ਉਪਜਿਆ ਹੈ। 'ਇਸ਼ਕ' ਨੂੰ ਅੰਗਰੇਜ਼ੀ ਵਿਚ 'Love' ਕਿਹਾ ਜਾਂਦਾ ਹੈ। ਇਸ਼ਕ ਨੂੰ ਦੋ ਭਾਗਾਂ ਵਿਚ ਵੰਡਿਆ ਗਿਆ ਹੈ। 'ਇਸ਼ਕ ਮਜਾਜ਼ੀ' ਅਤੇ 'ਇਸ਼ਕ ਹਕੀਕੀ'। ਦੁਨਿਆਵੀ ਪਿਆਰ ਨੂੰ ਜਿਸ ਵਿਚ ਮਨੁੱਖਾਂ ਦੇ ਦੁਸਰੂ ਜਗਤ ਦੇ ਪਿਆਰ ਦੀ ਗੱਲ ਕੀਤੀ ਹੁੰਦੀ ਹੈ ਉਸ ਨੂੰ 'ਇਸ਼ਕ ਮਜਾਜ਼ੀ' ਕਿਹਾ ਜਾਂਦਾ ਹੈ। ਦੂਸਰੇ ਪਾਸੇ ਰੂਹਾਨੀ ਪਿਆਰ, ਜਿਸ ਦਾ ਸੰਬੰਧ ਅਧਿਆਤਮਿਕ ਜਗਤ ਨਾਲ ਹੁੰਦਾ ਹੈ, ਉਸ ਨੂੰ 'ਇਸ਼ਕ ਹਕੀਕੀ' ਕਿਹਾ ਜਾਂਦਾ ਹੈ। ਗੁਰਦੇਵ ਸਿੰਘ ਸੂਫ਼ੀਆਂ ਦੀ ਇਸ ਅਵਸਥਾ ਸੰਬੰਧੀ ਲਿਖਦੇ ਹਨ:-

> "ਕਾਮਿਲ ਮੁਰਸ਼ਦ ਨਾਲ ਕੀਤਾ ਪਿਆਰ ਉਹ ਸੀੜ੍ਹੀ ਜਾਂ ਪੌੜੀ ਹੈ ਜੋ ਸਾਧਕ ਨੂੰ ਹਕੀਕੀ ਅੱਲ੍ਹਾ (ਖ਼ੁਦਾ) ਉੱਤੇ ਪੁਜਦਾ ਕਰਦੀ ਹੈ। ਅਸਲ ਵਿਚ ਰੂਪ ਤੋਂ ਅਰੂਪ ਦੇ ਪ੍ਰੇਮ ਦਾ ਮਾਰਗ ਸੂਫ਼ੀ ਮਾਰਗ ਹੈ।"

ਪੰਨਾ ਨੰ. 119

ਪੰਜਾਬੀ ਸੂਫ਼ੀ ਕਾਵਿ ਵਿਚ ਇਸ਼ਕ ਦੀ ਪਰੰਪਰਾ ਦਾ ਆਰੰਭ ਫ਼ਰੀਦ ਬਾਣੀ ਨਾਲ ਹੁੰਦਾ ਹੋਇਆ ਸ਼ਾਹ ਹੁਸੈਨ ਰਾਹੀਂ ਵਿਕਾਸ ਕਰਦਾ ਬੁੱਲ੍ਹੇ ਸ਼ਾਹ ਤੱਕ ਪਹੁੰਚ ਕੇ ਸਿਖਰ ਤੱਕ ਪਹੁੰਚਦਾ ਹੈ।

ਪ੍ਰੋ. ਪੂਰਨ ਸਿੰਘ ਅਨੁਸਾਰ; "ਜਦ ਬੁੱਲ੍ਹਾ ਆਪਣਾ ਅਲਾਪ ਸ਼ੁਰੂ ਕਰਦਾ ਹੈ ਤਾਂ ਨਗਾਰੇ ਵੱਜ ਉਠਦੇ ਹਨ, ਸ਼ੰਖਾਂ ਫਟਕ ਪੌੜੀਆਂ

ਹਨ - - - - - ਬੁੱਲ੍ਹੇ ਦੇ ਕਾਵਿ ਅੰਦਰ
ਇਹ ਸਾਰੇ ਵਿਸ਼ੇ ਉਭਰੇ ਹਨ, ਸਾਰੇ ਹੀ
ਉਸ ਇਸ਼ਕ ਹਕੀਕੀ ਤੇ ਜਾਂਦੇ ਹਨ, ਇਸ਼ਕ
ਤੇ ਜਾਂਦੇ ਹਨ। ਬੁੱਲ੍ਹਾ ਕਹਿੰਦਾ, ਸੂਫ਼ੀ ਤਾਂ
ਤਿਆਗ ਦੀ ਮੂਰਤੀ ਹੈ।"

ਪੰਨਾ ਨੰ. 186

ਡਾ. ਦੀਵਾਨ ਸਿੰਘ ਅਨੁਸਾਰ;

"ਪ੍ਰੇਮ ਇਕ ਅਜਿਹੀ ਸਹਜ ਦ੍ਰਿਸ਼ਟ-ਸ਼ਕਤੀ ਹੈ, ਜੋ ਸੁਤੇ, ਸਿਧ ਸੰਸਾਰ ਦੀ ਹਰ ਇਕ ਸ਼ੈ ਨੂੰ ਆਪਣੇ ਵੱਲ ਖਿੱਚਦੀ ਰਹਿੰਦੀ ਹੈ।"

ਬੁੱਲ੍ਹੇ ਸ਼ਾਹ ਇਕ ਮਹਾਨ ਸੂਫ਼ੀ ਕਵੀ ਹੋਇਆ ਹੈ। ਉਸ ਨੇ ਸੂਫ਼ੀ ਮਤ ਵਿਚ ਰਹਿ ਕੇ ਬਹੁਤ ਸਾਰੀ ਕਾਵਿ ਰਚਨਾ ਕੀਤੀ। ਉਸਦਾ ਮੁਰਸ਼ਦ 'ਪੀਰ ਸ਼ਾਹ ਇਨਾਇਤ' ਸੀ। ਸ਼ਾਹ ਇਨਾਇਤ ਦੇ ਸੰਪਰਕ ਵਿਚੋਂ ਬੁੱਲ੍ਹੇ ਸ਼ਾਹ ਦੇ ਅੰਦਰ ਇਸ਼ਕ ਦੀ ਚਿਣਗ ਭੜਕ ਪਈ।

ਬੁੱਲ੍ਹੇ ਸ਼ਾਹ ਲਿਖਦਾ ਹੈ :-

"ਰਾਂਝਾ ਰਾਂਝਾ ਕਰਦੀ ਨੀ, ਮੈਂ ਆਪੇ ਰਾਂਝਾ ਹੋਈ।
ਸੱਦੋ ਨੀ ਮੈਨੂੰ ਧੀਦੋ ਰਾਂਝਾ, ਹੀਰ ਨਾ ਆਖੋ ਕੋਈ।
ਰਾਂਝਾ ਮੈਂ ਵਿਚ ਮੈਂ ਰਾਂਝੇ ਵਿਚ, ਹੋਰ ਖ਼ਿਆਲ ਨਾ ਕੋਈ।
ਮੈਂ ਨਹੀਂ ਉਹ ਆਪ ਹੈ, ਆਪਣੀ ਆਪ ਕਰੇ ਦਿਲਜੋਈ।

ਪੰਨਾ ਨੰ. 119

ਬੁੱਲ੍ਹੇ ਸ਼ਾਹ ਦਾ ਇਸ਼ਕ ਸ਼ਰੀਅਤ ਨੂੰ ਬੜੀ ਵੱਡੀ ਵੰਗਾਰ ਤੇ ਚੁਣੌਤੀ ਦਿੰਦਾ ਹੈ। ਉਸਦਾ ਇਸ਼ਕ ਸਾਰੇ ਸਥਾਪਿਤ ਸ਼ਰੀਅਤ ਦੀਆਂ ਝੂਠੀਆਂ ਰਸਮਾਂ ਨੂੰ ਨਹੀਂ ਕਬੂਲਦਾ। ਉਹ ਸ਼ਰੀਅਤ ਨਾਲੋਂ ਇਸ਼ਕ ਨੂੰ ਜ਼ਿਆਦਾ ਤਰਜੀਹ ਦਿੰਦਾ ਹੈ।

ਬੁੱਲ੍ਹੇ ਸ਼ਾਹ ਲਿਖਦਾ ਹੈ :-

ਫੂਕ ਮੁਸੱਲਾ ਭੰਨ ਸੁੱਟ ਲੋਟਾ, ਨਾ ਫੜ ਤਸਬੀ ਕਾਸਾ ਸੋਟਾ।
ਆਸ਼ਿਕ ਕਹਿੰਦੇ ਦੇ ਦੇ ਹੋਕਾ, ਤਰਕ ਹਲਾਲੋਂ ਖਾਹ ਮੁਰਦਾਰ।
ਇਸ਼ਕ ਦੀ ਨਵੀਓਂ ਨਵੀਂ ਬਹਾਰ।

ਪੰਨਾ ਨੰ. 119

ਇਸ਼ਕ ਦੀ ਘਾਟੀ ਬਹੁਤ ਔਖੀ ਹੈ। ਇਸ ਵਿੱਚ ਜੋ ਚਲਦਾ ਹੈ, ਉਹੀ ਜਾਣਦਾ ਹੈ ਕਿ ਇਸ ਘਾਟੀ ਨੂੰ ਪਾਰ ਕਰਨ ਲਈ ਕਿਹੜੀ-ਕਿਹੜੀ ਮੁਸ਼ਕਿਲ ਦਾ ਸਾਹਮਣਾ ਕਰਨਾ ਪੈਂਦਾ ਹੈ। ਬੁੱਲ੍ਹੇ ਸ਼ਾਹ ਖੁਦ ਆਪਣੀ ਜਾਨੀ ਮੁਰਸ਼ਦ ਦੇ ਇਸ਼ਕ ਵਿਚ ਅਜਿਹਾ ਸੀਰੇ ਲੈਂਦਾ ਹੈ ਪਰ ਪਿੱਛੇ ਨਹੀਂ ਹਟਦਾ।

## ਡਾ. ਪ੍ਰੀਤਮ ਸਿੰਘ ਪ੍ਰੀਤ ਅਨੁਸਾਰ :-

"ਉਸ ਅਨੁਸਾਰ ਇਸ਼ਕ ਨੂੰ ਸਿਰ ਧੜ ਦੀ ਬਾਜ਼ੀ ਲਾ ਕੇ ਕਮਾਇਆ ਜਾ ਸਕਦਾ ਹੈ। ਉਹ ਕਹਿੰਦਾ ਹੈ ਕਿ ਪ੍ਰੇਮ ਦੀ ਪ੍ਰਾਪਤੀ ਲਈ ਜੇ ਅੰਗਿਆਰਾਂ ਨਾਲ ਖੇਡਣਾ ਪਵੇ, ਸੂਲੀ ਉੱਤੇ ਚੜ੍ਹਨਾ ਪਵੇ, ਸੀਸ ਕਟਵਾਉਣਾ ਪਵੇ ਤਾਂ ਕਿਸੇ ਤਰ੍ਹਾਂ ਦੀ ਪਰਵਾਹ ਨਹੀਂ ਕਰਨੀ ਚਾਹੀਦੀ।"

ਪੰਨਾ ਨੰ. 114

## ਬੁੱਲ੍ਹੇ ਸ਼ਾਹ ਲਿਖਦਾ ਹੈ :-

ਇਕ ਕੜਾਹੀ ਤਲ ਤਲ ਜਾਵੇ, ਤਲਿਆਂ ਨੂੰ ਚਾ ਤਲਦਾ;
ਨੀ ਮੈਨੂੰ ਲਗੜਾ ਇਸ਼ਕ ਅਵੱਲ ਦਾ।
ਮੋਇਆਂ ਨੂੰ ਇਹ ਦਲ ਦਲ ਮਾਰੇ, ਦਲਿਆਂ ਨੂੰ ਚਾ ਦਲਦਾ।
ਨੀ ਮੈਨੂੰ ਲਗੜਾ ਇਸ਼ਕ ਅਵੱਲ ਦਾ।

ਬੁੱਲ੍ਹੇ ਸ਼ਾਹ ਲਈ 'ਇਸ਼ਕ ਅੱਲਾਹ ਦੀ ਜ਼ਾਤ' ਸੀ ਭਾਵੇਂ ਕਿ ਲੋਕ ਉਸਨੂੰ ਮੁਰਸ਼ਦ ਸ਼ਾਹ ਅਨਾਇਤ ਦੇ ਆਸ਼ਕਾਂ ਬਾਰੇ ਕਹਿਣ ਤਾਅਨੇ ਮਿਹਣੇ ਦਿੰਦੇ ਸਨ। ਉਸ ਅਨੁਸਾਰ ਸੱਚੀ ਇਸ਼ਕ ਸਭ ਧਰਮਾਂ-ਜ਼ਾਤਾਂ ਤੋਂ ਉੱਪਰ ਹੈ। ਇਸ਼ਕ ਦੀ ਤਪ ਸਾਧਨਾ ਨਾਲ ਸਾਧਕ ਦੀ ਸ਼ਖ਼ਸੀਅਤ ਹੋਰ ਦੀ ਹੋਰ ਹੋ ਜਾਂਦੀ ਹੈ। ਜਿਵੇਂ:-

ਵੇਦ ਕੁਰਾਨਾ ਪੜ੍ਹ ਪੜ੍ਹ ਥੱਕੇ,
ਸੱਜਦੇ ਕਰਦਿਆਂ ਘੱਸ ਗਏ ਮੱਥੇ,
ਨਾ ਰੱਬ ਤੀਰਥ ਨਾ ਰੱਬ ਮੱਕੇ,
ਜਿਸ ਪਾਇਆ ਤਿਸ ਨੂਰ ਅਨਵਾਰ,
ਇਸ਼ਕ ਦੀ ਨਵੀਓਂ ਨਵੀਂ ਬਹਾਰ। ਪੰਨਾ ਨੰ. 116

ਬੁੱਲ੍ਹੇ ਸ਼ਾਹ ਦੇ ਕਲਾਮ ਸੱਚੀ ਇਸ਼ਕ ਨਾਲ ਭਰਪੂਰ ਹੈ। ਉਹ ਸੱਚੀ ਇਸ਼ਕ ਦਾ ਉਪਾਸ਼ਕ ਸੀ। ਅਧਿਆਤਮਿਕ ਸ਼ਾਇਰੀ ਅਤੇ ਸਰੀਰੀ ਰਤੀ ਨੂੰ ਉਹ ਇਸ਼ਕ ਦਾ ਨਾਲ ਜੋੜਿਆ ਹੈ।

**ਡਾ. ਰਵਿੰਦਰ ਸਿੰਘ ਢੇਸੀ ਅਨੁਸਾਰ:**

"ਉਸਦਾ ਇਸ਼ਕ ਨਿਰੋਲ ਅਧਿਆਤਮਵਾਦੀ
ਸ਼ਾਇਰੀ ਦਾ ਧਾਰਨੀ ਹੈ। ਇਸ ਇਸ਼ਕ ਨੂੰ
ਸੂਫ਼ੀ ਰਹੱਸਵਾਦ ਦੇ ਅੰਤਰਗਤ ਹੀ
ਸਮਝਿਆ ਜਾ ਸਕਦਾ ਹੈ।"

ਸੱਚਾ ਇਸ਼ਕ ਕਰਨ ਨਾਲ ਮਨੁੱਖ ਵਿਚ ਹਉਮੈਂ ਖ਼ਤਮ ਹੋ ਜਾਂਦੀ ਹੈ। ਉਸਦੀ ਆਪਣੀ ਪਹਿਚਾਣ ਮਿਟ ਜਾਂਦੀ ਹੈ, ਭਾਵ ਉਹ ਆਪਣੇ ਪਿਆਰੇ ਦੀ ਪਹਿਚਾਣ ~~ਸਿ ਸਕ~~ ਸਦਕਾ ਹੋਂਦ ਬਰਕਰਾਰ ਰੱਖਦਾ ਹੈ। ਇਸ਼ਕ ਦੀ ਅਗਨੀ ਮੈਂ ਨੂੰ ਸਾੜ ਕੇ ਰਾਖ ਕਰ ਦਿੰਦੀ ਹੈ। ਆਸ਼ਕ ਮਾਸ਼ੂਕ ਇਕ ਹੋ ਜਾਂਦੇ ਹਨ।

**ਬੁੱਲ੍ਹਾਂ ਸ਼ਾਹ ਲਿਖਦਾ ਹੈ:**

ਬੁੱਲ੍ਹਾ ਸ਼ਹੁ ਅਸਾਂ ਥੀਂ ਵੱਖ ਨਹੀਂ,
ਬਿਨ ਸ਼ਹੁ ਥੀਂ ਦੂਜਾ ਕੱਖ ਨਹੀਂ,
ਪਰ ਵੇਖਣ ਵਾਲੀ ਅੱਖ ਨਹੀਂ।

ਪੰਨਾ ਨੰ. ੧੩੧

ਇਸ਼ਕ ਇੱਕ ਅਜਿਹੀ ਅਵਸਥਾ ਹੈ ਜਿਸ ਅੱਗੇ ਅਕਲ-ਇਲਮ ਦਾ ਕੋਈ ਜ਼ੋਰ ਨਹੀਂ ਚੱਲਦਾ। ਇਸ਼ਕ ਅਕਲ-ਇਲਮ ਤੇ ਪਰਦਾ ਪਾ ਦਿੰਦਾ ਹੈ। ਬੁੱਲ੍ਹੇ ਸ਼ਾਹ ਦਾ ਆਪਣੇ ਮੁਰਸ਼ਦ ਪ੍ਰਤੀ ਇਸ਼ਕ ਐਸੀ-ਐਸੀਂ ਇਤਨਾ ਖ਼ਿਆਲ ਹੋ ਜਾਂਦਾ ਹੈ ਕਿ ਉਸਨੂੰ ਧਾਰਮਿਕ ਕਰਮ ਕਾਂਡ ਆਡੰਬਰ ਲੱਗਦੇ ਹਨ। ਉਹ ਮੁਰਸ਼ਦ ਦੇ ਹਿਰਦੇ ਨੂੰ ਕਾਅਬਾ ਮੰਨਦਾ ਹੈ। ਜਿਸ ਵਿਚੋਂ ਉਸਨੂੰ ਛੋਟੇ-ਮੋਟੇ ਕਾਇਨਾਤਾਂ ਦੇ ਦਰਸ਼ਨ ਹੁੰਦੇ ਹਨ।

**ਬੁੱਲ੍ਹਾ ਸ਼ਾਹ ਲਿਖਦਾ ਹੈ:-**

ਠੰਢ ਤਮਾਸ਼ਾ ਇਸ਼ਕ ਮੈਂਨੂੰ ਕਲਮੇ ਤੇ ਫਿਰ ਗਈ ਸਿਆਹੀ।
ਬੁੱਲ੍ਹੇ ਸ਼ਾਹ ਨੂੰ ਅੰਦਰੋਂ ਮਿਲਿਆ ਭੁੱਲੀ ਫਿਰੇ ਲੋਕਾਈ।

ਪੰਨਾ ਨੰ. ੧੨੨

## ਡਾ. ਜੀਤ ਸਿੰਘ ਸੀਤਲ ਅਨੁਸਾਰ :-

"ਬਿਰਹਾ ਆਸ਼ਕ ਦੀ ਕੁਠਾਲੀ ਹੈ। ਜਦ ਤਕ ਉਹ ਇਸ ਕੁਠਾਲੀ ਵਿਚ ਨਹੀਂ ਪੈਂਦਾ, ਉਸਦੇ ਅੰਦਰ ਦੀ ਖੋਟ ਦੂਰ ਨਹੀਂ ਹੁੰਦੀ"।

ਬੁੱਲ੍ਹੇ ਸ਼ਾਹ ਦੇ ਕਲਾਮ ਵਿਚ ਇਸ਼ਕ ਅਤੇ ਜੁਦਾਈ ਦੀ ਗੱਲ ਹੋਂਦ ਹੀ ਬੜੇ ਤੀਬਰ ਰੂਪ ਵਿਚ ਵਿਦਮਾਨ ਹਨ। ਬੁੱਲ੍ਹੇ ਸ਼ਾਹ ਵਰਗਾ ਸੂਫੀ ਸਾਧਕ ਆਪਣੇ ਮੁਰਸ਼ਦ ਤੋਂ ਵਾਰ-ਵਾਰ ਕੁਰਬਾਨ ਜਾਣ ਲਈ ਤੱਤਪਰ ਰਹਿੰਦਾ ਹੈ। ਉਹ ਕੁਰਬਾਨੀ ਦੇ ਇਸ ਸਬੰਧ ਨੂੰ ਚੱਕਰੀ ਅਤੇ ਕਮਾਈ ਦੇ ਰੂਪ ਵਿਚ ਤੁਲਨਾਇਆ ਹੋਇਆ ਲਿਖਦਾ ਹੈ:-

ਆਸ਼ਕ ਚੱਕਰੀ ਮਾਸ਼ੂਕ ਕਮਾਈ,
ਮੈਂ ਮੈਂ ਕਰਦੀ ਕੋਈ।
ਜਿਉਂ ਜਿਉਂ ਮੈਂ ਮੈਂ ਘਟਦੀ ਕਰਦੀ,
ਤਿਉਂ ਤਿਉਂ ਮੋਈ ਮੋਈ।

ਪੰਨਾ ਨੰ. 120

ਬੁੱਲ੍ਹੇ ਸ਼ਾਹ ਆਪਣੇ ਮੁਰਸ਼ਦ ਦੇ ਇਸ਼ਕ ਦੀ ਤਾਬ ਨਾ ਝੱਲਦਾ ਹੋਇਆ ਜੋਗੀ ਝਾਂਜਰਾਂ ਪਾ ਕੇ ਮਸਤ ਮਲੰਗ ਹੋ ਕੇ ਗਲੀ-ਬਜ਼ਾਰਾਂ ਵਿੱਚ ਨੱਚਣ ਲੱਗ ਪਿਆ। ਇਸ ਵਤੀਰੇ ਕਾਰਨ ਉਸਦਾ ਮੁਰਸ਼ਦ ਅਨਾਇਤ ਖਫ਼ਾ ਹੋ ਗਿਆ। ਆਪਣੇ ਮੁਰਸ਼ਦ ਦੀ ਨਰਾਜ਼ਗੀ ਕਾਰਨ ਉਹ ਬਿਰਹਾ ਅਤੇ ਵਿਜੋਗ ਵਿਚ ਕੁਰਲਾਉਣ ਲੱਗ ਪਿਆ। ਕਿਉਂਕਿ ਇਸ਼ਕ-ਮਿਜ਼ਾਜ ਇਸ਼ਕ ਦੇ ਔਖਿਆਈ ਪੈਂਡੇ ਹਨ। ਇਸ ਲਈ ਆਪਣੇ ਯਾਰ ਬੇਪਰਵਾਹ ਵਾਲੇ ਮੁਰਸ਼ਦ ਪੀਰ ਅਨਾਇਤ ਨਾਲੋਂ ਇਕ ਪਲ ਵੀ ਵੱਖ ਹੋਣਾ ਅਸਹਿ ਪੀੜਾ ਸਮਾਨ ਸੀ। ਉਹ ਆਪਣੀ ਕੁਰਲਾਹਟ ਭਰੀ ਵੇਦਨਾ ਨੂੰ ਇਸ ਪ੍ਰਕਾਰ ਬਿਆਨ ਕਰਦਾ ਹੈ:-

ਬਿਰਹੋਂ ਆ ਵੜਿਆ ਵਿਚ ਵਿਹੜੇ, ਜੋਗੀ ਜੋਗ ਦੇਵੇ ਤਨ ਪੋਰੇ,
ਦਰਦ ਦਰਦ ਨਾ ਘਾਇਲ ਤੇਰੇ, ਮੈਂ ਸੱਜਣਾਂ ਬਾਝ ਮਰੇਂਦੀ ਹਾਂ।

ਪੰਨਾ ਨੰ. 123

ਧਰਤੀ ਦੇ ਉਧੀਧਾ ਭੌਂਰੀ ਘਿਰ ਗਈਆਂ,
ਤੇਰੇ ਇਸ਼ਕ ਨਚਾਈਆਂ ਕਰ ਥਈਆ-ਥਈਆਂ।
ਸ਼ਾਹੁ ਖਾਲਿਸ ਕਰਕੇ ਫਿਰ ਖ਼ਬਰ ਨਾ ਪਈਆਂ,
ਤੇਰੇ ਇਸ਼ਕ ਨਚਾਈਆਂ ਕਰ ਥਈਆ-ਥਈਆਂ।

ਪੰਨਾ ਨੰ. 123

ਬੁੱਲ੍ਹੇ ਸ਼ਾਹ ਇਸ਼ਕ ਮਜਾਜ਼ੀ ਨੂੰ ਇਸ਼ਕ ਹਕੀਕੀ ਤੱਕ ਪਹੁੰਚਣ ਦੀ ਪਹਿਲੀ ਮੰਜ਼ਿਲ ਸਮਝਦੇ ਸਨ ਅਤੇ ਇਸ਼ਕ ਹਕੀਕੀ ਤੱਕ ਪਹੁੰਚ ਕੇ ਹੀ ਸਾਧਕ ਆਪਣੇ ਪ੍ਰਭੂ-ਪ੍ਰੀਤਮ ਨੂੰ ਪਾ ਸਕਦਾ ਹੈ।

## ਡਾ. ਧਰਮਪਾਲ ਸਿੰਗਲ ਅਨੁਸਾਰ;

"ਬੁੱਲ੍ਹੇ ਹੁਰੀ ਇਸ਼ਕ ਮਜਾਜ਼ੀ ਦੀ ਇਸਦੇ ਖੇਤਰ ਵਿਚ ਇਹੀ ਮਹੱਤਤਾ ਦੱਸਦੇ ਹਨ ਜਿਹੜੀ ਕਿ ਸੂਫ਼ੀ ਫ਼ਿਰਕੇ ਪਾਸੇ ਦੀ ਮਹੱਤਤਾ ਹੈ। ---- ਉਹਨੇ ਤਾਂ ਇਸ਼ਕ ਨੂੰ ਮਾਤਾ ਪਿਤਾ ਦੱਸਿਆ ਹੈ, ਜਿਸ ਵਿਚ ਪਾ ਕੇ ਵਿਅਕਤੀ ਮਸਤ ਹੋ ਜਾਂਦਾ ਹੈ ਅਤੇ ਜੀਉਂਦੇ ਹੀ ਮਰ ਜਾਂਦਾ ਹੈ।"

ਪੰਨਾ ਨੰ. 122

## ਬੁੱਲ੍ਹੇ ਸ਼ਾਹ ਲਿਖਦਾ ਹੈ:

ਇਸ਼ਕ ਜਿਨ੍ਹਾਂ ਦੇ ਹੱਡੀਂ ਪੈਂਦਾ, ਸੋ ਨਰ ਜੀਵਤ ਹੀ ਮਰ ਜਾਂਦਾ,
ਇਸ਼ਕ ਪਿਤਾ ਤੇ ਮਾਤਾ ਹੈ, ਜਿਸ ਪਿਛੇ ਮਸਤ ਹੋ ਜਾਤਾ ਹੈ

ਪੰਨਾ ਨੰ. 122

ਬੁੱਲ੍ਹੇ ਸ਼ਾਹ ਮੁਰਸ਼ਦ ਦੇ ਵਿਯੋਗ ਵਿਚ ਖ਼ੁਦ ਨੂੰ ਸਮਝਾਉਣ ਲਈ ਇਤਿਹਾਸਕ, ਮਿਥਿਹਾਸਕ ਤੇ ਧਾਰਮਿਕ ਹਵਾਲਿਆਂ ਦੀ ਵਰਤੋਂ ਕਰਦਾ ਹੈ ਕਿ ਇਸ਼ਕ ਮਿੱਠਾ ਜ਼ਹਿਰ ਖਾਣੇ ਵਿਚ ਵੱਡੇ ਤੋਂ ਵੱਡੇ ਮਹਾਂਰਥੀਆਂ ਨੂੰ ਬਿਰਹਾ ਦੀ ਅਵਸਥਾ 'ਚ ਪਹੁੰਚਾ ਕੇ ਤਿਲ-ਤਿਲ ਮਰਨ ਲਈ ਮਜਬੂਰ ਕਰਦਾ ਹੈ,

**ਬੁੱਲ੍ਹੇ ਸ਼ਾਹ ਲਿਖਦਾ ਹੈ :-**

ਗੁਰੂ ਗੋਰਖ ਨੂੰ ਪੀਰ ਮਨਾਏ,
ਹੀਰੇ ਹੀਰੇ ਕਰ ਕੁਰਲਾਏ !

ਪੰਨਾ ਨੰ. 183

ਸ਼ਾਹ ਇਨਾਇਤ ਨੇ ਜਦੋਂ ਵਿਜੋਗ ਵਿਚ ਰੋਂਦੇ ਬੁੱਲ੍ਹੇ ਸ਼ਾਹ ਦੀ ਸਾਰ ਨਾ ਲਈ ਤਾਂ ਬੁੱਲ੍ਹੇ ਸ਼ਾਹ ਨੇ ਆਪਣੇ ਮੁਰਸ਼ਦ ਦੇ ਵਿਜੋਗ ਵਿਚ ਰੋ-ਰੋ ਕਮਲਿਆਂ ਵਾਲੀ ਹਾਲਤ ਬਣਾ ਲਈ ਸੀ। ਉਸਨੂੰ ਇੰਞ ਮਹਿਸੂਸ ਹੁੰਦਾ ਹੈ ਕਿ ਉਸਦਾ ਸਰੀਰ ਮਿੱਟੀ ਹੋ ਗਿਆ ਹੈ, ਜਿਸਨੂੰ ਇੰਞ ਜਿਵੇਂ ਜਿੰਦ-ਰੂਹ ਉਸਦਾ ਮੁਰਸ਼ਦ ਕੱਢ ਕੇ ਲੈ ਗਿਆ ਹੋਵੇ। ਇਸ ਸੰਬੰਧੀ **ਬੁੱਲ੍ਹੇ ਸ਼ਾਹ ਲਿਖਦਾ ਹੈ :-**

ਨੀ ਪਰਦੇਸੀਆਂ ਸੰਗ ਯਾਰੀ।
ਰੋਵਣ ਅੱਖੀਆਂ ਜ਼ਾਰੋ ਜ਼ਾਰੀ।
ਸਾਨੂੰ ਬੇਦਰਦੀ ਛੱਡ ਕੇ, ਜਿਨ੍ਹਾਂ ਸਾਂਗ ਸੀਨੇ
ਵਿਚ ਗੱਡ ਕੇ, ਜਿਸਮੋਂ ਜਿੰਦ ਨੂੰ ਲੈ ਗਏ
ਕੱਢ ਕੇ, ਇਹ ਗੱਲ ਕਰ ਗਏ ਹੈ ਸਿਆਰੇ,
ਨੀ ਪਰਦੇਸੀਆਂ ਸੰਗ ਯਾਰੀ !

ਪੰਨਾ ਨੰ. 183

ਉਸਦੀ ਕਰੁਣਾ ਮਈ ਹਾਲਤ ਨੂੰ ਦੇਖ ਕੇ ਅੰਤ ਆਪਣੇ ਇਸ਼ਕ ਦੇ ~~ਜੀ~~ ਰੰਗ ਵਿਚ ਰੰਗੇ ਤੇ ਵਿਰਹੋਂ ਦਾ ਸੰਤਾਪ ਭੋਗਦੇ ਦੇਖ ਕੇ ਸਭ ਗਿਲੇ-ਸ਼ਿਕਵੇ ਮਿਟਾ ਕੇ ਗਲ ਲਾ ਲੈਂਦਾ ਹੈ। ਇਹ ਬੁੱਲ੍ਹੇ ਸ਼ਾਹ ਲਈ ਭਾਗਾਂ ਭਰੀ ਘੜੀ ਸੀ। ਬੁੱਲ੍ਹੇ ਸ਼ਾਹ ਮੁਰਸ਼ਦ ਨਾਲ ਮੁੜ ਮਿਲਾਪ ਦੀ ਘੜੀ ਨੂੰ ਬਿਆਨ ਕਰਦਾ ਹੋਇਆ ਲਿਖਦਾ ਹੈ;

ਆਉ ਸਈਓ ਰਲ ਦਿਉ ਨੀ ਵਧਾਈ।
ਮੈਂ ਵਰ ਪਾਇਆ ਰਾਂਝਾ ਮਾਹੀ।
ਅੱਜ ਤਾਂ ਰੋਜ਼ ਮੁਬਾਰਕ ਚੜ੍ਹਿਆ, ਰਾਂਝਾ ਸਾਡੇ ਵਿਹੜੇ ਵੜਿਆ,
ਹੱਥ ਖੂੰਡੀ ਮੋਢੇ ਕੰਬਲ ਧਰਿਆ, ਚਾਕਾਂ ਵਾਲੀ ਸ਼ਕਲ ਬਣਾਈ,
ਆਉ ਸਈਓ ਰਲ ਦਿਉ ਨੀ ਵਧਾਈ।

ਬੁੱਲ੍ਹੇ ਸ਼ਾਹ ਅਨੁਸਾਰ ਇਸ਼ਕ ਦਾ ਰਾਹ ਔਖਾ ਹੋਣ ਕਾਰਨ ਇਸ ਵਿਚ ਬਹੁਤ ਸਾਰੀਆਂ ਔਕੜਾਂ ਆਉਂਦੀਆਂ ਹਨ। ਪਰ ਪ੍ਰਮਾਤਮਾ ਦੀ ਮਿਹਰ ਨਾਲ ਸਭ ਰੁਕਾਵਟਾਂ ਦੂਰ ਹੋ ਜਾਂਦੀਆਂ ਹਨ।

## ਡਾ. ਮੋਹਨ ਸਿੰਘ ਦੀਵਾਨਾ ਅਨੁਸਾਰ;

> "ਇਸ ਰਾਹ ਤੇ ਤੁਰਨ ਤੋਂ ਪਹਿਲਾ ਤਿਆਰੀ ਜ਼ਰੂਰੀ ਹੈ। ਇਸ ਲਈ ਸਭ ਤੋਂ ਪਹਿਲਾਂ ਸੱਚੀ ਫ਼ਿਕਰ ਦੀ ਲੋੜ ਹੁੰਦੀ ਹੈ।"

## ਸਿੱਟਾ :-

ਇਸ ਤਰ੍ਹਾਂ ਬੁੱਲ੍ਹੇ ਸ਼ਾਹ ਦੀਆਂ ਕਾਫ਼ੀਆਂ ਵਿੱਚ ਇਸ਼ਕ ਦਾ ਵਿਸ਼ਾ ਪ੍ਰਮੁੱਖ ਰੂਪ ਵਿਚ ਮਿਲਦਾ ਹੈ। ਬੁੱਲ੍ਹੇ ਸ਼ਾਹ ਖੁਦ ਨੂੰ ਆਸ਼ਕ ਅਤੇ ਮੁਰਸ਼ਦ ਨੂੰ ਮਾਸ਼ੂਕ ਦਾ ਦਰਜਾ ਦਿੱਤਾ ਹੈ। ਬੁੱਲ੍ਹੇ ਸ਼ਾਹ ਨੇ ਇਸ਼ਕ ਦੇ ਪ੍ਰਗਟਾਅ ਲਈ ਹੀਰ-ਰਾਂਝਾ, ਸੋਹਣੀ-ਮਹੀਂਵਾਲ ਅਤੇ ਹੋਰ ਪ੍ਰੇਮ ਨਾਇਕ-ਨਾਇਕਾਵਾਂ ਆਦਿ ਦੇ ਨਾਵਾਂ ਨੂੰ ਪ੍ਰਤੀਕ ਵਜੋਂ ਵਰਤਿਆ ਹੈ। ਬੁੱਲ੍ਹੇ ਨੇ ਇਸ਼ਕ ਮਜਾਜ਼ੀ ਦੀਆਂ ਉਦਾਹਰਨਾਂ ਦੇ ਕੇ ਇਸ਼ਕ ਹਕੀਕੀ ਤੱਕ ਪਹੁੰਚਣ ਦਾ ਮਾਰਗ ਦਰਸਾਇਆ ਹੈ। ਜਿਸ ਢੰਗ ਨਾਲ ਉਸਨੇ ਆਪਣੀਆਂ ਕਾਫ਼ੀਆਂ ਵਿਚ ਇਸ਼ਕ ਦਾ ਮਜ਼ਮੂਨ ਨਿਰੂਪਣ ਕੀਤਾ ਹੈ, ਸ਼ਾਇਦ ਹੀ ਕਿਸੇ ਹੋਰ ਸੂਫ਼ੀ ਕਾਵਿ-ਰਚਨਾ ਵਿਚ ਉਜਾਗਰ ਹੋਇਆ ਹੋਵੇ, ਇਹ ਬੁੱਲ੍ਹੇ ਸ਼ਾਹ ਦੀ ਕਾਵਿ-ਰਚਨਾ ਦੀ ਵਿਲੱਖਣ ਪ੍ਰਾਪਤੀ ਹੈ।